

Punjabi | ਪੰਜਾਬੀ

# SMART WATER ADVICE

# ਕੰਮ ਦੀ ਥਾਂ 'ਤੇ ਪਾਣੀ ਦੀ ਬੱਚਤ

ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਇੱਕ ਦਿਨ ਵਿੱਚ ਕਿੰਨੀ ਵਾਰ ਪਾਣੀ ਦੀ ਵਰਤੋਂ ਕਰਦੇ ਹੋ? ਖੈਰ, Water Night (ਵਾਟਰ ਨਾਈਟ) ਤੁਹਾਡੇ ਲਈ ਇਹ ਜਾਣਨ ਦਾ ਇੱਕ ਬੇਹਤਰੀਨ ਮੌਕਾ ਹੈ। ਤੁਸੀਂ ਜ਼ਰੂਰ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਤੁਸੀਂ ਆਪਣੀ ਸੋਚ ਨਾਲੋਂ ਕਿਤੇ ਵੱਧ ਪਾਣੀ ਵਰਤਦੇ ਹੋ। ਆਪਣੇ ਘਰ ਨੂੰ www.waternight.com.au 'ਤੇ ਰਜਿਸਟਰ ਕਰੋ ਅਤੇ ਪਤਾ ਲਗਾਓ ਕਿ ਤੁਸੀਂ ਆਪਣੀਆਂ ਟੂਟੀਆਂ ਦੇ ਕਿੰਨੇ ਆਦੀ ਹੋ। ਇਸ ਦੌਰਾਨ ਇਨ੍ਹਾਂ ਮਦਦਗਾਰ ਸੁਝਾਵਾਂ ਨੂੰ ਵੀ ਦੇਖੋ।

## ਟੂਟੀਆਂ

- ਇੱਕ ਚੱਲਦੀ ਹੋਈ ਟੂਟੀ ਪ੍ਰਤੀ ਮਿੰਟ ਲਗਭਗ 5 ਲੀਟਰ ਪਾਣੀ ਦੀ ਵਰਤੋਂ ਕਰਦੀ ਹੈ। ਇੱਕ ਟਪਕਦੀ ਹੋਈ ਟੂਟੀ ਸਾਲ ਵਿੱਚ 12,000 ਲੀਟਰ ਤੱਕ ਪਾਣੀ ਬਰਬਾਦ ਕਰ ਸਕਦੀ ਹੈ! ਇਹ ਪਾਣੀ ਦੀ ਬਹੁਤ ਵੱਡੀ ਮਾਤਰਾ ਹੈ, ਇਸ ਲਈ ਜੇਕਰ ਤੁਹਾਡੇ ਕੰਮ ਦੀ ਥਾਂ 'ਤੇ ਰਸੋਈ ਜਾਂ ਬਾਥਰੂਮ ਵਿੱਚ ਕੋਈ ਟੂਟੀ ਟਪਕ ਰਹੀ ਹੈ, ਤਾਂ ਇਸਦੀ ਜਾਣਕਾਰੀ ਜ਼ਿੰਮੇਵਾਰ ਵਿਅਕਤੀ ਨੂੰ ਤੁਰੰਤ ਦਿਓ।

## ਟਾਇਲਟ

- ਇੱਕ ਲਗਾਤਾਰ ਚੱਲਦਾ ਰਹਿਣ ਵਾਲਾ ਟਾਇਲਟ ਸਾਲ ਭਰ ਵਿੱਚ 96,000 ਲੀਟਰ ਤੱਕ ਪਾਣੀ ਬਰਬਾਦ ਕਰ ਸਕਦਾ ਹੈ, ਪਰ ਅਕਸਰ ਟਾਇਲਟ ਦੇ ਲੀਕ ਹੋਣ ਦਾ ਪਤਾ ਨਹੀਂ ਲੱਗਦਾ ਕਿਉਂਕਿ ਪਾਣੀ ਹੌਲੀ-ਹੌਲੀ ਕਟੋਰੇ (ਬੋਲ) ਦੇ ਪਿੱਛੇ ਵੱਲ ਵੱਗਦਾ ਰਹਿੰਦਾ ਹੈ।
- ਜੇਕਰ ਤੁਸੀਂ ਆਪਣੇ ਟਾਇਲਟ ਵਿੱਚ ਲੀਕ ਦੀ ਜਾਂਚ ਕਰਨੀ ਚਾਹੁੰਦੇ ਹੋ, ਤਾਂ ਇਨ੍ਹਾਂ ਸਧਾਰਨ ਕਦਮਾਂ ਦੀ ਪਾਲਣਾ ਕਰੋ:

1. ਆਪਣੇ ਟਾਇਲਟ ਦੇ ਸਿਸਟਰਨ ਦਾ ਢੱਕਣ ਹਟਾਓ।
2. ਸਿਸਟਰਨ ਵਿੱਚ ਫੂਡ ਡਾਈ ਦੀਆਂ ਕੁੱਝ ਬੂੰਦਾਂ ਪਾਓ।
3. ਆਪਣੇ ਟਾਇਲਟ ਨੂੰ 10-15 ਮਿੰਟਾਂ ਲਈ ਫਲੱਸ਼ ਨਾ ਕਰੋ।
4. ਜੇਕਰ ਵਾਪਸ ਆਉਣ 'ਤੇ ਰੰਗ ਟਾਇਲਟ ਦੇ ਬੋਲ ਵਿੱਚ ਨਜ਼ਰ ਆਵੇ, ਤਾਂ ਇਹ ਸਮਝੋ ਕਿ ਟਾਇਲਟ ਵਿੱਚ ਲੀਕ ਹੈ।

## ਬਾਥਰੂਮ ਦਾ ਕੂੜਾ

- ਆਪਣੇ ਸਹਿਕਰਮੀਆਂ ਅਤੇ ਗਾਹਕਾਂ ਨੂੰ ਪ੍ਰੇਰਿਤ ਕਰੋ ਕਿ ਉਹ ਆਪਣੇ ਟਾਇਲਟ ਨੂੰ ਕੂੜੇਦਾਨ ਵਾਂਗ ਨਾ ਵਰਤਣ।
- ਔਰਤਾਂ ਦੇ ਸਫ਼ਾਈ ਉਤਪਾਦ, ਬਚਿਆ-ਖੁਚਿਆ ਭੋਜਨ, ਬੇਬੀ ਵਾਈਪਸ ਅਤੇ ਗੋਲਡਫ਼ਿਸ਼ ਟਾਇਲਟ ਵਿੱਚ ਨਹੀਂ, ਬਲਕਿ ਕੂੜੇਦਾਨ ਵਿੱਚ ਪਾਉਣੇ ਚਾਹੀਦੇ ਹਨ। ਇਨ੍ਹਾਂ ਚੀਜ਼ਾਂ ਨੂੰ ਟਾਇਲਟ ਵਿੱਚ ਫਲੱਸ਼ ਕਰਨ ਨਾਲ ਪਾਣੀ ਬਰਬਾਦ ਹੁੰਦਾ ਹੈ ਅਤੇ ਸੀਵਰੇਜ ਪ੍ਰਣਾਲੀ 'ਤੇ ਵਾਧੂ ਬੋਝ ਪੈਂਦਾ ਹੈ।





## ਪੀਣ ਵਾਲਾ ਪਾਣੀ

- ਬੋਤਲਬੰਦ ਪਾਣੀ ਦੀ ਬਜਾਏ ਟੂਟੀ ਦੇ ਪਾਣੀ ਦੀ ਚੋਣ ਕਰੋ।
- ਟੂਟੀ ਦੇ ਪਾਣੀ ਨੂੰ ਬੋਤਲ ਜਾਂ ਜੱਗ ਵਿੱਚ ਭਰ ਕੇ ਫ੍ਰਿਜ਼ ਵਿੱਚ ਰੱਖੋ, ਤਾਂ ਜੋ ਉਹ ਠੰਢਾ ਹੋ ਕੇ ਪੀਣ ਯੋਗ ਬਣ ਜਾਵੇ।
- ਹਾਲਾਂਕਿ ਹਰ ਵਿਅਕਤੀ ਲਈ ਪਾਣੀ ਦੀ ਇੱਕੋ ਮਾਤਰਾ ਢੁੱਕਵੀਂ ਨਹੀਂ ਹੁੰਦੀ, ਪਰ ਆਮ ਦਿਸ਼ਾ-ਨਿਰਦੇਸ਼ ਵਜੋਂ ਦਿਨ ਵਿੱਚ ਲਗਭਗ 2 ਲੀਟਰ ਪਾਣੀ ਪੀਣ ਦਾ ਟੀਚਾ ਰੱਖੋ, ਖ਼ਾਸ ਕਰਕੇ ਜੇਕਰ ਤੁਸੀਂ ਗਰਮ ਜਾਂ ਏਅਰ-ਕੰਡੀਸ਼ਨਡ ਦਫ਼ਤਰ ਵਿੱਚ ਕੰਮ ਕਰਦੇ ਹੋ।



## ਚੰਗਾ ਮਹਿਸੂਸ ਕਰਨਾ

- ਆਪਣੇ ਕਾਰੋਬਾਰ ਵਿੱਚ ਪਾਣੀ-ਬਚਾਉ ਤਰੀਕਿਆਂ ਨੂੰ ਅਪਣਾਉਣ ਨਾਲ ਨਾ ਸਿਰਫ਼ ਪਾਣੀ ਅਤੇ ਪੈਸੇ ਦੀ ਬੱਚਤ ਹੁੰਦੀ ਹੈ, ਸਗੋਂ ਇਸ ਨਾਲ ਕਰਮਚਾਰੀਆਂ ਅਤੇ ਗਾਹਕਾਂ ਨੂੰ ਵੀ ਇਹ ਮਾਣ ਮਹਿਸੂਸ ਹੁੰਦਾ ਹੈ ਕਿ ਉਹ ਇੱਕ ਜ਼ਿੰਮੇਵਾਰ ਅਤੇ ਵਾਤਾਵਰਣ-ਸੰਵੇਦਨਸ਼ੀਲ ਸੰਸਥਾ ਨਾਲ ਜੁੜੇ ਹੋਏ ਹਨ।

**The Water Conservancy ਯੂ-ਟਿਊਬ ਚੈਨਲ 'ਤੇ 'ਕਿਵੇਂ ਕਰੀਏ' ਵੀਡੀਓ ਗਾਈਡਾਂ ਦੇਖੋ।**